मॉडल प्रश्न-पत्र

माध्यमिक परीक्षा 2022

विषय: पंजाबी (T.L.)

ਸਮਾਂ 2:45 ਘੰਟੇ ਕੁੱਲ ਅੰਕ : 80

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ:-

- ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ ਪੱਤਰ `ਤੇ ਆਪਣਾ ਰੋਲ ਨੰਬਰ ਲਿਖਣ।
- ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ। ਪ੍ਰਸ਼ਨ ਨੰਬਰ 16 ਤੋਂ 22 ਤੱਕ ਆਂਤਰਿਕ ਵਿਕਲਪ ਹਨ।
- ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾਂ `ਤੇ ਹੀ ਲਿਖੋ| ਜਿਹਨਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਦਾ ਹੱਲ ਇੱਕ ਥਾਂ `ਤੇ ਇੱਕ ਹੀ ਤਰਤੀਬ ਵਿਚ ਕਰੋ।

ਖੰਡ-ੳ

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ:- **12x1=12**

I. 'ਕਿੱਕਰ' ਕਵਿਤਾ ਦਾ ਕਵੀ ਹੈ-

(ੳ) ਧਨੀ ਰਾਮ ਚਾਤ੍ਰਿਕ (ਅ) ਭਾਈ ਵੀਰ ਸਿੰਘ (ੲ) ਅੰਮ੍ਰਿਤਾ ਪ੍ਰੀਤਮ (ਸ) ਸੁਰਜੀਤ ਪਾਤਰ

II. ਕਵੀ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਹੈ-

(ੳ) ਨਵੀਂ ਬਹਾਰ (ਅ) ਚਾਨਣ ਦੀ ਫੁਲਕਾਰੀ (ੲ) ਤਮਗ਼ੇ (ਸ) ਹਾਲੀ ਦਾ ਗੀਤ

III. "ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥" ਇਹ ਸਤਰਾਂ ਕਿਸ ਕਵੀ ਦੀਆਂ ਹਨ-

(ੳ) ਭਾਈ ਗੁਰਦਾਸ ਜੀ (ਅ) ਸ੍ਰੀ ਗੁਰੂ ਨਾਨਕ ਦੇਵ ਜੀ (ੲ) ਸੁਰਜੀਤ ਪਾਤਰ (ਸ) ਸ਼ੇਖ ਫ਼ਰੀਦ

IV. "ਨਿੰਦਕਿ ਨਾਮ ਵਿਸਾਰਿਆ ਗੁਰ ਗਿਆਨੁ ਵਿਹੂਣੈ ॥

ਹਲਤਿ ਪਲਤਿ ਸੁਖੁ ਨਾ ਲਹੈ ਦੁਖੀਆ ਸਿਰੁ ਝੂਣੈ ॥" ਇਹ ਸਤਰਾਂ ਕਿਸ ਕਵਿਤਾ ਵਿਚੋਂ ਹਨ-

(ੳ) ਲਸਣੁ ਲੁਕਾਇਆ ਨਾ ਲੁਕੈ (ਅ) ਸਿੰਮਲ ਰੁਖੁ ਸਰਾਇਰਾ

(ੲ) ਖੁਰਾਸਾਨ ਖਸਮਾਨਾ ਕੀਆ (ਸ) ਸਤੀਆ ਏਹਿ ਨਾ ਆਖੀਅਨਿ

V. 'ਮਹਾਰਾਜਾ ਗੰਗਾ ਸਿੰਘ' ਨਿਬੰਧ ਦੇ ਨਿਬੰਧਕਾਰ ਹਨ-

(ੳ) ਹਰਪਾਲ ਸਿੰਘ ਲੱਖੀਆਂ (ਅ) ਬਲਜਿੰਦਰ ਸਿੰਘ ਭੁੱਲਰ (ੲ) ਪ੍ਰਿੰ. ਸਰਵਣ ਸਿੰਘ (ਸ) ਹਰਪ੍ਰੀਤ ਕੌਰ

VI. 'ਲਾਗੀਆਂ ਲਾਗ ਲੈ ਲੈਣਾ ਏ, ਪਰਾਈ ਧੀ ਭਾਵੇਂ ਘਰ ਜਾਂਦਿਆਂ ਹੀ ਰੰਡੀ ਬਹਿ ਜਾਏ।' ਇਹ ਅਖੌਤ ਕਿਸ ਨਿਬੰਧ ਵਿਚ ਵਰਤੀ ਗਈ ਹੈ -

(ੳ) ਕਿਰਤ (ਅ) ਗੰਗਾ ਦੀਨ (ੲ) ਮਹਾਰਾਜਾ ਗੰਗਾ ਸਿੰਘ (ਸ) ਭਾਈ ਮਰਦਾਨਾ ਜੀ

VII. 'ਸਾਂਝੀ ਕੰਧ' ਕਹਾਣੀ ਦੇ ਕਹਾਣੀਕਾਰ ਹਨ-

(ੳ) ਕੁਲਵੰਤ ਸਿੰਘ ਵਿਰਕ (ਅ) ਗੁਰਬਚਨ ਸਿੰਘ ਭੁੱਲਰ (ੲ) ਸੰਤ ਸਿੰਘ ਸੇਖੋਂ (ਸ) ਸੰਤੋਖ ਸਿੰਘ ਧੀਰ

VIII. "ਉੱਤੇ ਬਗਲੇ ਨ੍ਹਾਉਂਦੇ ਰਹੇ ਅਤੇ ਹੇਠਾਂ ਲਾਲ ਨਹਾਉਂਦਾ ਰਿਹਾ।" ਇਹ ਵਾਕ ਕਿਸ ਕਹਾਣੀ ਵਿਚੋਂ ਹੈ-

(ੳ) ਖ਼ੂਨ (ਅ) ਸਾਂਝੀ ਕੰਧ (ੲ) ਦੁੱਧ ਦਾ ਛੱਪੜ (ਸ) ਪੇਮੀ ਦੇ ਨਿਆਣੇ

IX. 'ਸਾਨੂੰ ਕਦੇ ਕਿਸੇ ਨੂੰ ਬੋਲੀ ਨਹੀਂ ਮਾਰਨੀ ਚਾਹੀਦੀ।'

ਉਪਰੋਕਤ ਵਾਕ `ਚ ਆਏ ਬਹੁ-ਅਰਥਕ ਸ਼ਬਦ 'ਬੋਲੀ' ਦਾ ਸਹੀ ਅਰਥ ਹੈ-

(ੳ) ਭਾਸ਼ਾ (ਅ) ਤਾਹਨਾ (ੲ) ਕਹਾਵਤ (ਸ) ਕੰਨਾਂ ਤੋਂ ਨਾ ਸੁਣਨਾ

X. 'ਉਮੰਗ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ-

(ੳ) ਥੱਕ ਜਾਣਾ (ਅ) ਤਾਂਘ (ੲ) ਤੇਜ਼ ਦੌੜਨਾ (ਸ) ਨਿਰਮਲ

XI. 'ਤਕੜਾ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ-

(ੳ) ਤਾਕਤਵਰ (ਅ) ਸਖ਼ਤ (ੲ) ਮੋਟਾ-ਤਾਜ਼ਾ (ਸ) ਮਾੜਾ

XII. 'ਡੋਗਰੀ' ਉਪ ਬੋਲੀ ਦਾ ਮੁੱਖ ਕੇਂਦਰ ਕਿਹੜਾ ਜ਼ਿਲ੍ਹਾ ਹੈ-

(ੳ) ਕਪੂਰਥਲਾ (ਅ) ਮਾਨਸਾ (ੲ) ਜੰਮੂ (ਸ) ਸ਼ਹੀਦ ਭਗਤ ਸਿੰਘ ਨਗਰ

2. ਹੇਠ ਲਿਖੀਆਂ ਖਾਲ਼ੀ ਥਾਵਾਂ ਭਰੋ- **6x1=6**

I. ਜੇ ਸਕਤਾ ਸਕਤੇ ਕਉ ਮਾਰੇ ਤਾ _ _ _ _ _ _ _ ਨਾ ਹੋਈ ॥

II. ਸੱਚਿਆਂ ਨੂੰ ਹੁਣ ਮਿਲਦੇ ਧੱਕੇ _ _ _ _ _ _ _ ਬਹਾਏ ।

III. _ _ _ _ _ _ _ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ ।

IV. ਔਹ ਗਏ, ਔਹ ਗਏ, ਸਾਰੇ ਡੱਬੇ `ਚੋਂ _ _ _ _ _ _ _ ਨਿਕਲ ਗਈ, ਡੱਬਾ _ _ _ _ _ _ _ ਕਰਨ ਲੱਗ ਪਿਆ ।

V. ਸੁੱਚੀ ਕਿਰਤ ਜ਼ਰੂਰ _ _ _ _ _ _ _ ਹੈ ।

VI. "ਆਪਾਂ ਕਹਾਂਗੇ ਅਸੀਂ ਤਾਂ _ _ _ _ _ _ _ ਆ ਸਾਨੂੰ ਨਾ ਫੜ ।"

3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :- **12x1=12**

I. 'ਸੁੰਨੇ ਸੁੰਨੇ ਰਾਹਾਂ ਵਿਚ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

II. "ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਞਾ ਦੁੱਧ ॥"

ਉਪਰੋਕਤ ਤੁਕ ਵਿਚ ਆਏ ਸ਼ਬਦ 'ਨਿਵਾਤ' ਤੇ 'ਮਾਖਿਓ' ਦਾ ਅਰਥ ਲਿਖੋ ।

III. 'ਖੁਰਾਸਾਨ ਖਸਮਾਨਾ ਕੀਆ' ਸ਼ਬਦ ਵਿਚ ਗੁਰੂ ਜੀ ਰੱਬ ਨੂੰ ਕੀ ਉਲ੍ਹਾਮਾਂ ਦੇ ਰਹੇ ਹਨ ?

IV. "ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥" ਕਾਵਿ ਤੁਕ ਕਿਹੜੀ ਕਵਿਤਾ ਵਿਚੋਂ ਹੈ ?

V. 'ਵਿਸਾਖੀ ਦਾ ਮੇਲਾ' ਕਵਿਤਾ ਅਨੁਸਾਰ ਛਿੰਝ ਵਿਚ ਕੌਣ ਗੱਜ ਰਹੇ ਸਨ ?

VI. ਮਿਲਖਾ ਸਿੰਘ ਨੂੰ ਕਿਹੜੇ-ਕਿਹੜੇ ਨਾਂ ਨਾਲ਼ ਉਪਮਾ ਦਿੱਤੀ ਜਾਂਦੀ ਹੈ ?

VII. ਮਹਾਰਾਜਾ ਗੰਗਾ ਸਿੰਘ ਰਾਜ ਗੱਦੀ ਉੱਪਰ ਕਦੋਂ ਬੈਠਾ ? ਤੇ ਉਸ ਦੀ ਮੌਤ ਕਦੋਂ ਹੋਈ ?

VIII. ਰੇਲ ਗੱਡੀ ਦੇ ਡੱਬੇ ਦਾ ਕੇਂਦਰ ਬਿੰਦੂ ਕੌਣ ਬਣਿਆ ਹੋਇਆ ਸੀ ?

IX. ਜੇਕਰ ਲੇਖਕ ਲਈ ਖੇਤ ਸਵਰਗ ਸੀ ਤਾਂ ਉਸ ਲਈ ਨਰਕ ਕਿਹੜੀ ਜਗ੍ਹਾ ਤੇ ਮੌਜੂਦ ਰਹਿੰਦਾ ਸੀ ? ਕਹਾਣੀ ਪੇਮੀ ਦੇ ਨਿਆਣੇ ਦੇ ਆਧਾਰ `ਤੇ ਬਿਆਨ ਕਰੋ ।

X. ਮੁਕਤਾ ਲਗ ਤੋਂ ਕੀ ਭਾਵ ਹੈ ?

XI. ਅਧਕ ਕਿਹੜੀਆਂ ਲਗਾਂ ਨਾਲ ਆ ਸਕਦੀ ਹੈ ?

XII. ਦੁੱਤ ਅੱਖਰ ਕਿਸ ਨੂੰ ਆਖਦੇ ਹਨ ?

ਖੰਡ-ਅ

4-15. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :- **(ਸ਼ਬਦ ਸੀਮਾ- 50 ਸ਼ਬਦ)** **12x2=24**

ਕੰਪਿਊਟਰ ਵਿਗਿਆਨ ਦੀ ਇੱਕ ਅਦਭੁਤ ਖੋਜ ਹੈ ਜਿਸ ਨੇ ਮਨੁੱਖੀ ਜੀਵਨ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਕੰਪਿਊਟਰ ਤਕਨਾਲੋਜੀ ਦੇ ਵਿਕਾਸ ਦੀ ਇਕ ਸਿਖਰ ਹੈ। ਕੰਪਿਊਟਰ ਨੇ ਮਨੁੱਖੀ ਦਿਮਾਗ਼ ਦੇ ਗੁੰਝਲਦਾਰ ਕੰਮਾਂ ਨੂੰ ਸਾਂਭ ਲਿਆ ਹੈ ਅਤੇ ਇੰਟਰਨੈੱਟ ਨਾਲ਼ ਸੰਸਾਰ ਦੇ ਕੋਨੇ-ਕੋਨੇ ਨੂੰ ਆਪਸ ਵਿਚ ਜੋੜ ਦਿੱਤਾ ਹੈ। ਕੰਪਿਊਟਰ ਦੀ ਸਿੱਖਿਆ ਅੱਜ ਦੇ ਸਮੇਂ ਦੀ ਪ੍ਰਮੁੱਖ ਲੋੜ ਬਣ ਗਈ ਹੈ। ਇਸ ਤੋਂ ਬਿਨਾਂ ਪ੍ਰਾਪਤ ਕੀਤੀ ਹੋਈ ਕੋਈ ਵੀ ਸਿੱਖਿਆ ਅਧੂਰੀ ਜਾਪਦੀ ਹੈ।

(4-8) ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ -

4. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

5. ਕੰਪਿਊਟਰ ਮਨੁੱਖੀ ਦਿਮਾਗ਼ ਦੀ ਸਹਾਇਤਾ ਕਿਵੇਂ ਕਰ ਰਿਹਾ ਹੈ ?

6. ਪੈਰ੍ਹੇ ਅਨੁਸਾਰ ਅੱਜ ਦੇ ਸਮੇਂ ਦੀ ਪ੍ਰਮੁੱਖ ਲੋੜ ਕੀ ਹੈ ?

7. ਤਕਨਾਲੋਜੀ ਦੇ ਵਿਕਾਸ ਵਿਚ ਕੰਪਿਊਟਰ ਦੀ ਭੂਮਿਕਾ ਤੇ ਚਾਨਣਾ ਪਾਓ।

8. ਔਖੇ ਸ਼ਬਦਾਂ ਦੇ ਅਰਥ ਲਿਖੋ-

   ਅਦਭੁਤ, ਕ੍ਰਾਂਤੀ, ਤਕਨਾਲੋਜੀ, ਖੋਜ।

9. ਵਿਰੋਧਾਰਥਕ ਸ਼ਬਦ ਲਿਖੋ-

   ਅਜ਼ਾਦੀ, ਸੱਜਣ, ਸੂਮ, ਬੇਹਾ।

10. ਬਹਾਦੁਰ, ਹੁਸ਼ਿਆਰ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ।

11. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕੀ ਹਰ ਇਕ ਦੇ ਦੋ-ਦੋ ਵੱਖਰੇ ਅਰਥ (ਬਹੁਅਰਥਕ ਸ਼ਬਦ) ਸਪਸ਼ਟ ਹੋ ਜਾਣ -

    ਉੱਤਰ, ਵੱਟ।

12. ਮਲਵਈ ਉਪਭਾਸ਼ਾ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ ?

13. ਕਵੀ ਬਦੇਸ਼ਾਂ 'ਚ ਜਾਣ ਵਾਲੇ ਲੋਕਾਂ ਦੇ ਕਿਹੜੇ ਦੁੱਖਾਂ ਦਾ ਜ਼ਿਕਰ ਕਰਦਾ ਹੈ ?

14. 'ਨਾਂ ਤਿਸ ਭਾਰੇ ਪਰਬਤਾਂ' ਸ਼ਬਦ ਦਾ ਕੇਂਦਰੀ ਭਾਵ ਲਿਖੋ।

15. ਲੇਖਕ ਦੀ ਮਾਂ ਡਰ ਹਟਾਉਣ ਲਈ ਉਨ੍ਹਾਂ ਨੂੰ ਮਾਮੇ ਦੀ ਕਿਹੜੀ ਗੱਲ ਸੁਣਾਉਂਦੀ ਹੁੰਦੀ ਸੀ ?

ਖੰਡ- ੲ

16-19. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ- **(ਸ਼ਬਦ ਸੀਮਾ - 100 ਸ਼ਬਦ)** **4x3=12**

16. 'ਗਗਨ ਮੈ ਥਾਲ' ਸ਼ਬਦ ਵਿਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਸਾਰ ਲਿਖੋ।

ਜਾਂ

'ਵਿਸਾਖੀ ਦਾ ਮੇਲਾ' ਕਵਿਤਾ ਦਾ ਸਾਰ ਲਿਖੋ।

17. 'ਕਿਰਤ' ਨਿਬੰਧ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

'ਮਹਾਰਾਜਾ ਗੰਗਾ ਸਿੰਘ' ਨਿਬੰਧ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

18. ਮਿਲਖਾ ਸਿੰਘ ਏਸ਼ੀਆ ਦਾ ਬੈਸਟ ਐਥਲੀਟ ਕਦੋਂ ਤੇ ਕਿਵੇਂ ਬਣਿਆ ? ਉਸ ਨੇ ਫ਼ਲਾਇੰਗ ਸਿੱਖ ਦੀ ਉਪਾਧੀ ਕਿਵੇਂ ਪ੍ਰਾਪਤ ਕੀਤੀ ?

ਜਾਂ

ਗੰਗਾ ਦੀਨ ਦੇ ਸੁਭਾਅ ਉੱਪਰ ਸੰਖੇਪ ਨੋਟ ਲਿਖੋ।

19. 'ਦੁੱਧ ਦਾ ਛੱਪੜ' ਜਾਂ 'ਸਾਂਝੀ ਕੰਧ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ ।

ਖੰਡ-ਸ

20-22. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:- **(ਸ਼ਬਦ ਸੀਮਾ- 250 ਸ਼ਬਦ)** **4+4+6 =14**

20.

ਇਰਾਕੀਆਂ ਨੂੰ ਪਏ ਚਾਬਕ ਪੈਂਦੇ, ਗੱਦੋਂ ਖ਼ੁਦ ਖਵਾਏ ।
ਕਾਉਂ ਲਗੜ ਨੂੰ ਮਾਰਨ ਲੱਗੇ, ਚਿੜੀਆਂ ਜੁੱਰੇ ਖਾਏ ।
ਅਗਲੇ ਜਾਏ ਬੰਗਾਲੇ ਬੈਠੇ, ਪਿਛਲਿਆ ਫ਼ਰਸ਼ ਵਿਛਾਏ ।

I. ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
II. ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
III. 'ਅਗਲੇ ਜਾਏ ਬੰਗਾਲੇ ਬੈਠੇ, ਪਿਛਲਿਆ ਫ਼ਰਸ਼ ਵਿਛਾਏ ।' ਇਨ੍ਹਾਂ ਸਤਰਾਂ ਦਾ ਭਾਵ ਬਿਆਨ ਕਰੋ ।
IV. ਔਖੇ ਸ਼ਬਦਾਂ ਦੇ ਅਰਥ ਲਿਖੋ ।
ਚਾਬਕ, ਗੱਦੋਂ, ਖ਼ੁਦ , ਲਗੜ

ਜਾਂ

ਲਸਣੁ ਲੁਕਾਇਆ ਨਾ ਲੁਕੈ ਬਹਿ ਖਾਜੈ ਕੂਣੈ ।
ਕਾਲਾ ਕੰਬਲੁ ਉਜਲਾ ਕਿਉਂ ਹੋਇ ਸਬੂਣੈ ।
ਡੇਮੂ ਖਖਰ ਜੋ ਛੂਹੇ ਦਿਸੈ ਮੁਹਿ ਸੁਣੈ ।
ਕਿਤੈ ਕੰਮਿ ਨਾ ਆਵਈ ਲਾਵਣੁ ਬਿਨੁ ਲੁਣੈ ।

I. ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
II. ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
III. 'ਲਸਣੁ ਲੁਕਾਇਆ ਨਾ ਲੁਕੈ ਬਹਿ ਖਾਜੈ ਕੂਣੈ ।' ਤੁਕ ਦਾ ਭਾਵ ਬਿਆਨ ਕਰੋ ।
IV. ਔਖੇ ਸ਼ਬਦਾਂ ਦੇ ਅਰਥ ਲਿਖੋ ।
ਲਸਣੁ, ਕੂਣੈ, ਖਖਰ, ਲਾਵਣੁ

21. ਆਪਣੇ ਸਕੂਲ ਦੇ ਮੁੱਖ ਅਧਿਆਪਕ ਸਾਹਿਬ ਨੂੰ ਲਾਇਬ੍ਰੇਰੀ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਬੇਨਤੀ ਪੱਤਰ ਲਿਖੋ ।

ਜਾਂ

ਇਕ ਪੱਤਰ ਰਾਹੀਂ ਆਪਣੇ ਮਿੱਤਰ ਨੂੰ ਆਪਣੇ ਸਕੂਲ ਵਿਚ ਹੋਏ ਸਲਾਨਾ ਸਮਾਗਮ ਦਾ ਹਾਲ ਬਿਆਨ ਕਰੋ ।

22. ਕਿਸੇ ਇਕ ਵਿਸ਼ੇ ਉੱਪਰ ਲੇਖ ਲਿਖੋ-

ਸ੍ਰੀ ਗੁਰੂ ਤੇਗ਼ ਬਹਾਦਰ ਜੀ

ਜਾਂ

ਪੰਜਾਬ ਦੇ ਪ੍ਰਮੁੱਖ ਮੇਲੇ

===